# ਤਨਖ਼ਾਹਾਂ ਨਾ ਮਿਲਣ ਕਾਰਨ ਹੀ ਪਰਵਾਸੀ ਪਏ ਜੁਰਮ ਦੇ ਰਾਹ

☛ ਖਲੀਵਾਲਿਸਾਂ ਲਈ ਸ਼ਰਾਬ ਦੀ ਗੈਰ-ਕਾਨੂੰਨੀ ਵਿਕਰੀ ਕਰਨਾ ਮਜਬੂਰੀ ☛ ਦੁਬਈ 'ਚ ਸ਼ਰਾਬ ਪੀ ਕੇ ਦੰਗੇ ਕਰਨਾ ਵੱਡਾ ਜੁਰਮ

ਦੁਬਈ-ਵਿਸ਼ਵ ਪੱਧਰੀ ਮੰਦੇ, ਰੁਜ਼ਗਾਰ ਦੇ ਮੌਕੇ ਘਟਣ, ਤਨਖ਼ਾਹਾਂ ਅਤੇ ਭੱਤੇ ਮਿਲਣ ਵਿੱਚ ਹੋ ਰਹੀ ਦੇਰੀ ਅਤੇ 'ਖਲੀਵਾਲਿਸ' ਦੀ ਵੱਧ ਰਹੀ ਗਿਣਤੀ ਕਾਰਨ ਹੀ ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਤੋਂ ਗਏ ਹੋਏ ਪਰਵਾਸੀ ਛੋਟੇ-ਮੋਟੇ ਤੋਂ ਲੈ ਕੇ ਵੱਡੇ ਅਪਰਾਧ ਕਰਨ ਲੱਗੇ ਹਨ। ਮਿਸ਼ਰੀ ਖਾਨ ਕਤਲ ਕੇਸ ਦੇ 17 ਮੁਲਜ਼ਮਾਂ ਵਿੱਚ ਬਹੁਤਿਆਂ ਦਾ ਵਰਕ ਪਰਮਿਟ ਤੇ ਵੀਜ਼ਾ ਖ਼ਤਮ ਸੀ ਜਾਂ ਉਹ ਕਿਸੇ ਹੋਰ ਮਾਲਕ ਕੋਲ ਕੰਮ ਕਰ ਰਹੇ ਸਨ ਅਤੇ ਜਿਸ ਕੰਪਨੀ ਨੇ ਉਨ੍ਹਾਂ ਨੂੰ ਸੱਦਿਆ ਸੀ, ਉਸ ਨੂੰ ਛੱਡ ਚੁੱਕੇ ਸਨ।

'ਖਲੀਵਾਲਿਸ' ਸ਼ਬਦ ਉਨ੍ਹਾਂ ਪਰਵਾਸੀਆਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਕੋਲ ਵੀਜ਼ਾ ਤਾਂ ਹੁੰਦਾ ਹੈ, ਪਰ ਉਹ ਉਸ ਕੰਪਨੀ ਨਾਲ ਕੰਮ ਨਹੀਂ ਕਰ ਰਹੇ ਹੁੰਦੇ ਜਿਹੜੀ ਕੰਪਨੀ ਸਮਝੌਤੇ ਤਹਿਤ ਇਨ੍ਹਾਂ ਪਰਵਾਸੀਆਂ ਨੂੰ ਲੈ ਕੇ ਗਈ ਹੁੰਦੀ ਹੈ। ਸੰਯੁਕਤ ਅਰਬ ਅਮੀਰਾਤ ਦੇ ਕਨੂੰਨ ਅਨੁਸਾਰ ਇਹ ਕਨੂੰਨ ਦਾ ਉਲੰਘਣ ਹੈ। ਯੂ. ਏ. ਈ. ਦੇ ਕਨੂੰਨ ਅਨੁਸਾਰ 'ਖਲੀਵਾਲਿਸ' ਨੂੰ ਆਪਣੇ ਅਸਲ ਮਾਲਕ (ਕੰਪਨੀ) ਦੀ ਨੌਕਰੀ ਛੱਡਣ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਦੇਸ ਛੱਡਣਾ ਹੁੰਦਾ ਹੈ, ਪਰ ਇਹ ਲੋਕੀਂ ਉੱਥੇ ਹੀ ਲੁੱਕ ਛੁੱਪ ਕੇ ਰਹਿੰਦੇ ਹਨ ਅਤੇ ਹੋਰ ਪਾਸੇ ਰੁਜ਼ਗਾਰ ਲੱਭਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ, ਕਿਉਂਕਿ ਉਹ ਪੈਟਰੋ ਡਾਲਰ ਹਾਸਲ ਕਰਨ ਦੀ ਖਿੱਚ ਕਾਰਨ ਗਏ ਹੁੰਦੇ ਹਨ ਅਤੇ ਇੱਧਰ ਵੱਡੇ-ਵੱਡੇ ਕਰਜ਼ੇ ਲਏ ਹੁੰਦੇ ਹਨ। ਇਸ ਇੱਛਾ ਦੀ ਪੂਰਤੀ ਲਈ ਇਹ ਲੋਕੀਂ ਸ਼ਰਾਬ ਦੀ ਸਮਗਲਿੰਗ ਵਿੱਚ ਪੈ ਜਾਂਦੇ ਹਨ।

ਫੜੇ ਜਾਣ 'ਤੇ ਇਨ੍ਹਾਂ ਪਰਵਾਸੀਆਂ ਨੂੰ ਜੁਰਮ ਅਨੁਸਾਰ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਸ਼ਰਾਬ ਵੇਚਣਾ ਬਹੁਤ ਵੱਡਾ ਜੁਰਮ ਨਾ ਵੀ ਹੋਵੇ, ਪਰ ਸ਼ਰਾਬ ਦੇ ਅਸਰ ਹੇਠ ਲੜਾਈ ਤੇ ਦੰਗਾ ਫਸਾਦ ਕਰਨਾ ਵੱਡਾ ਜੁਰਮ ਹੈ, ਜਿਸ ਦੀ ਮੁਆਫ਼ੀ ਨਹੀਂ ਮਿਲਦੀ।

ਸ਼ਰਾਬ ਦੀ ਵਧੇਰੇ ਵਿਕਰੀ ਵਰਕਰਜ਼ ਕੈਂਪਾਂ ਵਿੱਚ ਹੁੰਦੀ ਹੈ। ਇਨ੍ਹਾਂ ਕੈਂਪਾਂ ਵਿੱਚ ਵੱਖ-ਵੱਖ ਦੇਸਾਂ ਦੇ ਹਜ਼ਾਰਾਂ ਪਰਵਾਸੀ ਰਹਿੰਦੇ ਹਨ। ਗੈਰ-ਕਨੂੰਨੀ ਧੰਦਾ ਹੋਣ ਕਾਰਨ ਖਲੀਵਾਲਿਸਾਂ ਨੂੰ ਸਮੇਂ ਸਿਰ ਤਨਖ਼ਾਹ ਨਹੀਂ ਮਿਲਦੀ, ਮਜਬੂਰੀ ਇਹ ਕਿ ਉਹ ਸ਼ਿਕਾਇਤ ਵੀ ਨਹੀਂ ਕਰ ਸਕਦੇ, ਕਿਉਂਕਿ ਪਤਾ ਲੱਗਣ 'ਤੇ ਉਨ੍ਹਾਂ ਨੂੰ ਤੁਰੰਤ ਮੂਲ ਦੇਸ ਭੇਜ ਦਿੱਤਾ ਜਾਵੇਗਾ। ਇਨ੍ਹਾਂ ਕੈਂਪਾਂ ਵਿੱਚ ਕਈ ਪਰਵਾਸੀਆਂ ਨੇ ਆਪਣੇ ਕੌੜੇ ਤਜਰਬੇ ਸਾਂਝੇ ਕੀਤੇ। ਕਈਆਂ ਨੇ ਦੱਸਿਆ ਕਿ ਉਹ ਭੁੱਖੇ ਮਰ ਰਹੇ ਹਨ, ਪਰ ਦੇਸ ਪਰਤ ਨਹੀਂ ਸਕਦੇ। ਉਨ੍ਹਾਂ ਦੱਸਿਆ ਕਿ ਵਿਦੇਸ਼ੀ ਲੋਕਾਂ ਦੇ ਨਾਲ ਭਾਰਤੀ ਪਾਕਿਸਤਾਨੀ ਮੂਲ ਦੇ ਲੋਕੀਂ ਵੀ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਕੰਪਨੀ ਮਾਲਕ ਪਾਸਪੋਰਟ ਕਬਜ਼ੇ ਵਿੱਚ ਲੈ ਲੈਂਦੇ ਹਨ ਤੇ ਮਨਮਰਜ਼ੀ ਦੇ ਹੁਕਮ ਦਿੰਦੇ ਹਨ। ਵੈਸੇ ਸ਼ਰਾਬ ਦੇ ਨਾਜਾਇਜ਼ ਵਪਾਰ ਵਿੱਚ ਲੱਗੇ ਪਰਵਾਸੀ ਮਹੀਨੇ ਦੇ 2500 ਤੋਂ 4000 ਯੂ.ਏ.ਈ. ਡਾਲਰ ਕਮਾ ਲੈਂਦੇ ਹਨ, ਪਰ ਹਰ ਵਕਤ ਜਾਨ ਦਾ ਖ਼ਤਰਾ ਬਣਿਆ ਰਹਿੰਦਾ ਹੈ।

## ਦੁਬਈ 'ਚ ਮੌਤ ਦੀ ਸਜ਼ਾ ਪ੍ਰਾਪਤ ਪੰਜਾਬੀਆਂ ਦਾ ਮਾਮਲਾ 1 ਸਤੰਬਰ ਤੱਕ ਮੁਲਤਵੀ

☛ ਭਾਰਤ ਵੱਲੋਂ ਮੁਹੱਈਆ ਕਰਵਾਏ ਦੋਭਾਸ਼ੀਏ ਨੂੰ ਅਦਾਲਤ ਨੇ ਨਹੀਂ ਕੀਤਾ ਪ੍ਰਵਾਨ

ਦੁਬਈ-ਦੁਬਈ ਵਿਚ ਇਕ ਪਾਕਿਸਤਾਨੀ ਦੇ ਕਤਲ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ 17 ਭਾਰਤੀਆਂ ਦੇ ਮਾਮਲੇ ਦੀ ਸੁਣਵਾਈ ਸ਼ਾਰਜਾਹ ਦੀ ਅਪੀਲਾਂ ਸੰਬੰਧੀ ਅਦਾਲਤ ਨੇ ਤੀਜੀ ਵਾਰ ਮੁਲਤਵੀ ਕਰ ਦਿੱਤੀ ਹੈ। ਅਦਾਲਤ ਨੇ ਮਾਮਲੇ ਦੀ ਸੁਣਵਾਈ ਇਕ ਸਤੰਬਰ ਨੂੰ ਨਿਰਧਾਰਿਤ ਕੀਤੀ ਹੈ। 17 ਭਾਰਤੀਆਂ ਲਈ ਕੇਸ ਲੜ ਰਹੀ ਵਕੀਲ ਬਿੰਦੂ ਸੁਰੇਸ਼ ਚੇਤੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਦਾਲਤ ਨੇ ਭਾਰਤੀ ਦੂਤਘਰ ਵਲੋਂ ਮੁਹੱਈਆ ਕਰਵਾਏ ਗਏ ਦੋਭਾਸ਼ੀਏ ਨੂੰ ਸਵੀਕਾਰ ਨਹੀਂ ਕੀਤਾ, ਕਿਉਂਕਿ ਉਸ ਨੂੰ ਯੂ. ਏ. ਈ. ਦੇ ਕਾਨੂੰਨ ਮੰਤਰਾਲੇ ਤੋਂ ਪ੍ਰਵਾਨਗੀ ਨਹੀਂ ਮਿਲੀ ਸੀ।

## ਪਰਿਵਾਰਾਂ ਨਾਲ ਮੁਲਾਕਾਤ ਕਰਾਉਣ ਲਈ ਦੁਬਈ ਦੇ ਕਾਰੋਬਾਰੀ ਨੇ ਚੁੱਕਿਆ ਬੀੜਾ

ਦੁਬਈ-ਦੁਬਈ ਦੇ ਇੱਕ ਕਾਰੋਬਾਰੀ ਸੁਰਿੰਦਰ ਪਾਲ ਸਿੰਘ ਓਬਰਾਏ ਨੇ ਇਨ੍ਹਾਂ 32 ਕੈਦੀਆਂ ਦੇ ਪਰਿਵਾਰਾਂ ਦੇ ਦੋ-ਦੋ ਮੈਂਬਰਾਂ ਲਈ ਹਵਾਈ ਟਿਕਟਾਂ, ਵੀਜ਼ੇ ਅਤੇ ਜੇਲ੍ਹ ਵਿੱਚ ਮੁਲਾਕਾਤ ਦਾ ਪ੍ਰਬੰਧ ਕਰਾਉਣ ਦੀ ਪੇਸ਼ਕਸ਼ ਕੀਤੀ ਹੈ। ਉਂਵ ਇਨ੍ਹਾਂ ਕੈਦੀਆਂ ਦੇ ਕਈ ਪਰਿਵਾਰ ਹਾਲੇ ਤੱਕ ਮੁਲਾਕਾਤ ਨਹੀਂ ਕਰ ਸਕੇ।

ਇਨ੍ਹਾਂ ਸਜ਼ਾਯਾਫ਼ਤਾ ਭਾਰਤੀਆਂ ਨੂੰ ਫਿਲਹਾਲ ਭਾਰਤੀ ਕੌਂਸਲੇਟ ਜਨਰਲ ਅਤੇ ਓਬਰਾਏ ਦੇ ਸਾਂਝੇ ਯਤਨਾਂ ਸਦਕਾ ਹਫ਼ਤੇ ਵਿੱਚ ਇੱਕ ਵਾਰ ਆਪਣੇ ਪਰਿਵਾਰਕ ਮੈਂਬਰਾਂ ਨਾਲ ਫ਼ੋਨ 'ਤੇ ਗੱਲਬਾਤ ਦਾ ਮੌਕਾ ਦਿੱਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਮੁੰਡਿਆਂ ਦੇ ਪਰਿਵਾਰਾਂ ਦੇ ਦੋ-ਦੋ ਜੀਆਂ ਦੀ ਮੇਜ਼ਬਾਨੀ ਦੀ ਪੇਸ਼ਕਸ਼ ਕੀਤੀ ਹੈ।

ਦੁਬਈ ਵਿੱਚ ਤਿੰਨ ਦਿਨਾਂ ਲਈ ਇਨ੍ਹਾਂ ਦੇ ਠਹਿਰਾਅ ਅਤੇ ਖਾਣ-ਪੀਣ ਦਾ ਸਾਰਾ ਖ਼ਰਚ ਉਹ ਕਰਨਗੇ।

## ਮਾਨ ਨੇ ਕੀਤੀ ਇੰਗਲੈਂਡ ਦੇ ਸਿੱਖਾਂ ਨੂੰ ਜ਼ਲੀਲ ਕੀਤੇ ਜਾਣ ਦੀ ਨਿਖੇਧੀ



ਫਤਹਿਗੜ੍ਹ ਸਾਹਿਬ-ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਨਰਜੀਤ ਸਿੰਘ ਮਾਨ ਨੇ ਰੁਲਦਾ ਸਿੰਘ ਕਤਲ ਕਾਂਡ ਵਿੱਚ ਇੰਗਲੈਂਡ ਦੇ ਸਿੱਖ ਪਰਿਵਾਰਾਂ ਨੂੰ ਤੰਗ ਕੀਤੇ ਜਾਣ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਰੁਲਦਾ ਕਤਲ ਕਾਂਡ ਦੀ ਇੰਗਲੈਂਡ ਸਰਕਾਰ ਤਫਤੀਸ਼ ਕਰੇ। ਇਸ ਦੇ ਕਾਤਲ ਉਹੀ ਨਿਕਲਣਗੇ, ਜਿਨ੍ਹਾਂ ਨੇ ਚਿੱਟੀਸਿੰਘਪੁਰਾ ਵਿੱਚ ਸਿੱਖਾਂ ਦਾ ਕਤਲੇਆਮ ਕੀਤਾ ਸੀ , ਗੁਜਰਾਤ ਵਿੱਚ ਦੰਗੇ ਕਰਵਾਏ ਸਨ ਤੇ ਸਮਝੌਤਾ ਐਕਸਪ੍ਰੈੱਸ ਵਿੱਚ ਬੰਬ ਰਖਵਾ ਕੇ ਸਿੱਖਾਂ ਦੇ ਨਾਮ 'ਤੇ ਮੜ੍ਹ ਦਿੱਤਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲੀਸ ਦੀ ਕਿਸੇ ਵੀ ਗੱਲ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਉਹ ਸਿਰਫ਼ ਸਨਸਨੀਖੇਜ ਖ਼ਬਰਾਂ ਛਪਵਾ ਸਕਦੀ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਦੋਸ਼ੀ ਸਿੱਧ ਕਰਕੇ ਅਦਾਲਤ ਵਾਲਾ ਕੰਮ ਵੀ ਕਰ ਸਕਦੀ ਹੈ। 2500 ਲਾਵਾਰਸ ਲਾਸ਼ਾਂ ਦੀ ਗੱਲ ਕਿਸੇ ਨੂੰ ਭੁੱਲ ਨਹੀਂ। ਹਾਲੇ ਵੀ ਬੁੱਚੜ ਪੁਲਸੀਆਂ 'ਤੇ ਅਦਾਲਤ ਵਿੱਚ ਇਸ ਸੰਬੰਧੀ ਕੇਸ ਚੱਲ ਰਹੇ ਹਨ। ਇੰਗਲੈਂਡ ਦੀ ਸਰਕਾਰ ਨੂੰ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਘੋਖ ਕਰਨ ਦੀ ਲੋੜ ਹੈ ਤੇ ਪੰਜਾਬ ਪੁਲੀਸ ਤੇ ਭਾਰਤ ਸਰਕਾਰ ਦਾ ਪ੍ਰਭਾਵ ਕਬੂਲ ਕਰਕੇ ਮਨੁੱਖੀ ਅਧਿਕਾਰਾਂ ਦਾ ਉਲੰਘਣਾ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਸਿੱਖ ਆਪਣਾ ਦੇਸ ਵਾਪਸ ਮੰਗਦੇ ਹਨ, ਜੋ ਅੰਗਰੇਜ਼ਾ ਨੇ ਸਿੱਖਾਂ ਤੋਂ ਖੋਹਿਆ ਸੀ। ਭਾਰਤ ਸਰਕਾਰ ਉਸ 'ਤੇ ਕਬਜ਼ਾ ਕਰਕੇ ਬੈਠੀ ਹੈ। ਅਸੀਂ ਖਾਲਿਸਤਾਨ ਦੇ ਹੱਕ ਵਿੱਚ ਹਾਂ ਤੇ ਭਾਰਤ ਸਰਕਾਰ ਸਾਨੂੰ ਅਜ਼ਾਦੀ ਦੇਵੇ, ਕਿਉਂਕਿ ਇਹ ਸਾਡਾ ਹੱਕ ਹੈ।

## ਕਰੀਨਾ ਦੀ ਈ-ਮੇਲ ਅਕਾਊਂਟ ਹੈਕ



ਮੁੰਬਈ-ਬਾਲੀਵੁੱਡ ਅਦਾਕਾਰ ਕਰੀਨਾ ਕਪੂਰ ਅੱਜ-ਕੱਲ੍ਹ ਕਾਫੀ ਪਰੇਸ਼ਾਨ ਹੈ। ਕਿਸੇ ਨੇ ਬੇਬੋ ਦਾ ਈ-ਮੇਲ ਅਕਾਊਂਟ ਹੈਕ ਕਰ ਲਿਆ ਹੈ।

ਦਰਅਸਲ ਪਿਛਲੇ ਕਾਫੀ ਸਮੇਂ ਤੋਂ ਮੋਰੱਕੋ ਵਿੱਚ ਏਜੰਟ ਵਿਨੋਦ ਦੀ ਸ਼ੂਟਿੰਗ ਵਿੱਚ ਰੁੱਝੀ ਹੋਣ ਕਾਰਨ ਕਰੀਨਾ ਨੇ ਆਪਣਾ ਈ-ਮੇਲ-ਅਕਾਊਂਟ ਇਸਤੇਮਾਲ ਨਹੀਂ ਕੀਤਾ ਸੀ, ਪਰ ਫ਼ਿਲਮ ਦੀ ਸ਼ੂਟਿੰਗ ਖ਼ਤਮ ਕਰਨ ਤੋਂ ਬਾਅਦ ਵਾਪਸ ਭਾਰਤ ਪਰਤੀ ਕਰੀਨਾ ਨੇ ਜਦੋਂ ਈ-ਮੇਲ ਅਕਾਊਂਟ ਚੈੱਕ ਕੀਤਾ, ਤਾਂ ਉਸ ਨੂੰ ਪਤਾ ਲੱਗਾ ਕਿ ਇਹ ਤਾਂ ਹੈਕ ਹੋ ਚੁੱਕਾ ਹੈ। ਵੈਸੇ ਕਰੀਨਾ ਨੂੰ ਇਸ ਗੱਲ ਦੀ ਸ਼ਿਕਾਇਤ ਕਰਨ ਦਾ ਵੀ ਮੌਕੇ ਨਹੀਂ ਮਿਲਿਆ, ਕਿਉਂਕਿ ਉਸ ਨੂੰ ਤੁਰੰਤ ਗੋਲਮਾਲ-ਥ੍ਰੀ ਦੀ ਸ਼ੂਟਿੰਗ ਵਿੱਚ ਹਿੱਸਾ ਲੈਣ ਗੋਆ ਜਾਣਾ ਸੀ।


ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

ਮਰਦਾਨਾ ਤਾਕਤ ਅਤੇ ਸਿਹਤ ਰੀਗੰਗ ਕੋਰਸ ਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਮਨਚਾਹਾ ਸਮਾਂ ਅਤੇ ਮਨਚਾਹਾ ਮਜ਼ਾ ਲੈ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਹੱਥਰੱਸੀ ਦੇ ਕਾਰਨ, ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਮਰਦਾਨਾ ਕਮਜ਼ੋਰੀ, ਗੁਪਤ ਰੋਗ, ਨਾਮਰਦੀ, ਧਾਂਤ, ਸ਼ੀਘਰਪਤਨ, ਖਾਦਿਆਂ-ਪੀਂਦਿਆਂ ਸੁੱਕ ਜਾਣਾ, ਸੁਪਨਦੋਸ਼, ਕਾਰਨ ਨਸਾਂ ਵਿੱਚ ਆਈ ਕਮਜ਼ੋਰੀ, ਨਸਾਂ 'ਚ ਢਿੱਲਾਪਣ, ਸ਼ੁਕਰਾਣੂਆਂ ਦੀ ਕਮੀ, ਬੁਢਾਪੇ ਵਿੱਚ ਜਵਾਨੀ ਦਾ ਅਹਿਸਾਸ, ਸ਼ੂਗਰ ਦੇ ਕਾਰਨ ਕਮਜ਼ੋਰੀ ਦਾ ਪੱਕਾ ਆਯੁਰਵੈਦਿਕ ਇਲਾਜ ਸ਼ੁੱਧ ਦੇਸੀ ਦਵਾਈਆਂ ਦੁਆਰਾ 50 ਵਰ੍ਹੇ ਪੁਰਾਣੀ ਸੂਰਜਵੰਸ਼ੀ ਫਾਰਮੇਸੀ ਵੱਲੋਂ ਕੀਤਾ ਜਾਂਦਾ ਹੈ। ਬਜ਼ੁਰਗਾਂ ਤੇ ਨਵਾਂ ਵਿਆਹ ਕਰਵਾਉਣ ਵਾਲੇ ਗੱਭਰੂਆਂ ਨੂੰ ਤੁਰੰਤ ਫਾਇਦਾ ਹੋਣ ਵਾਲਾ ਵਿਸ਼ੇਸ਼ ਤੋਹਫਾ ਦਿੱਤਾ ਜਾਂਦਾ ਹੈ। ਸੁਹਾਗਰਾਤ, ਜਵਾਨੀ ਦਾ ਆਨੰਦ ਲੈਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਅਤੇ ਪਿਸ਼ਾਬ ਦੇ ਨਾਲ ਧਾਤ (ਵੀਰਜ) ਦਾ ਨਿਕਲਣਾ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਪਿਸ਼ਾਬ ਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ।

ਔਰਤ ਸਾਹਮਣੇ ਕਦੇ ਵੀ ਸ਼ਰਮਿੰਦਾ ਨਹੀਂ ਹੋਵੋਂਗੇ
ਛੇਤੀ ਖਲਾਸੀ ਤੋਂ ਸਦਾ ਲਈ ਛੁਟਕਾਰਾ ਪਾਓ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਵਰਤੋ।

Surajvanshi Pharmacy (R)
MANUFACTURE & EXPORTER OF HERBAL PRODUCTS
25, NEW MODEL TOWN, JALANDHAR (PB.) INDIA
Contact : Dr. Shweat Oberoi E-mail :- shweat077@yahoo.com www.surajvanshipharmacy.com
Mobile : 0091-98155-33933 Fax : 0091-181-5062627